**ਵਿਸ਼ਾ:-** **ਡਾ: ਡੀ.ਸੀ. ਸਰਮਾ, ਡਿਪਟੀ ਡਾਇਰੈਕਟਰ ਵਲੋਂ ਹਸਪਤਾਲਾਂ ਦੀ ਕੀਤੀ ਇੰਸਪੈਕਸਨ ਸਬੰਧੀ।**

1. ਡਾ: ਡੀ.ਸੀ. ਸਰਮਾ, ਡਿਪਟੀ ਡਾਇਰੈਕਟਰ ਵਲੋਂ ਕੁਝ ਹਸਪਤਾਲਾਂ ਦੀ ਡਿਟੇਲ ਵਿੱਚ ਇੰਸਪੈਕਸਨ ਕੀਤੀ ਹੈ। ਇਸ ਸਬੰਧ ਵਿੱਚ ਉਨ੍ਹਾਂ ਦੀ ਇਸੰਪੈਕਸਨ ਰਿਪੋਰਟ ਆਪ ਵਲੋਂ ਪੱਤਰ ਮਿਤੀ 21-7-2010 ਰਾਹੀਂ ਭੇਜੀ ਗਈ ਹੈ। ਜਿਸ ਵਿੱਚ ਮੋਟੇ ਮੋਟੇ ਸੁਝਾਓ ਇਸ ਪ੍ਰਕਾਰ ਹਨ :-

**ਜਿਲ੍ਹਾ ਹਸਪਤਾਲ ਨਵਾਂ ਸਹਿਰ :**

(1) ਹਸਪਤਾਲ ਵਿੱਚ ਪਾਣੀ ਦੀ ਸਪਲਾਈ ਚਾਲੂ ਰੱਖਣ ਲਈ ਟਿਊਬਵੈਲ ਤੇ ਸਪੇਅਰ ਮੋਟਰ ਹੋਣੀ ਚਾਹੀਦੀ ਹੈ। ਤਾਂ ਜੋ ਪਾਣੀ ਦੀ ਸਪਲਾਈ ਚਾਲੂ ਰਹਿ ਸਕੇ।

(2) ਪਹਿਲਾਂ ਕੰਪਿਊਟਰ ਅਪਰੇਟਰ ਲੱਗੇ ਹੋਏ ਸਨ ਪਰ ਹੁਣ ਕੋਈ ਨਹੀਂ ਹੈ। ਕੰਪਿਊਟਰ ਅਪਰੇਟਰ ਲਗਾਇਆ ਜਾਵੇ।

(3) ਹਸਪਤਾਲ ਲਈ ਇੱਕ ਜਨਰੇਟਰ ਸੈਟ ਦੀ ਲੋੜ ਹੈ।

(4) ਲੇਬਰ ਰੂਮ ਠੀਕ ਹਾਲਤ ਵਿੱਚ ਹੋਣਾ ਚਾਹੀਦਾ ਹੈ ।

**ਸਿਵਲ ਹਸਪਤਾਲ ਬੰਗਾ**

(1) ਸਾਰਟ ਵੇਵ ਡਾਇਥਰਮੀ ਅਤੇ ਇਲੈਕਟ੍ਰਿਕ ਕਾਰਟਰੀ ਵਰਤੋਂ ਵਿੱਚ ਨਹੀਂ ਆ ਰਹੀ ਹੈ। ਪ੍ਰੰਤੂ ਕਿਸੇ ਨੂੰ ਨਹੀਂ ਪਤਾ ਕਿ ਇਹ ਵਰਤੋਂ ਵਿੱਚ ਕਿਉਂ ਨਹੀਂ ਆ ਰਹੀ ਜਾਂ ਖਰਾਬ ਹਨ। ਇਸ ਬਾਰੇ ਤੁਰੰਤ ਕਾਰਵਾਈ ਦੀ ਲੋੜ ਹੈ।

**ਸਿਵਲ ਹਸਪਤਾਲ ਫਿਲੋਰ**

(1) ਨੀਬੁਲਾਈਜਰ 6 ਸਾਲ ਤੋਂ ਪਿਆ ਸੀ ਜੋ ਹੁਣ ਤੱਕ ਵਰਤੋਂ ਵਿੱਚ ਨਹੀਂ ਲਿਆਂਦਾ ਗਿਆ ਸੀ। ਪਿਛਲੇ ਇੱਕ ਮਹੀਨੇ ਤੋਂ ਵਰਤੋਂ ਵਿੱਚ ਲਿਆਂਦਾ ਗਿਆ ਹੈ। ਇਸ ਦੇ ਕੀ ਕਾਰਨ ਹਨ।

(2) ਪਿਛਲੇ ਇੱਕ ਸਾਲ ਤੋ ਬਲੱਡ ਬੈਂਕ ਦਾ ਇੱਕ ਪੋਲੋ ਫਰਸਟ ਰੈਫਰੀਜਰੇਟਰ ਖਰਾਬ ਪਿਆ ਹੈ ਅਤੇ ਦੂਸਰਾ ਮੁਰੰਮਤ ਲਈ ਜਲੰਧਰ ਭੇਜਿਆ ਹੋਇਆ ਹੈ, ਸਿਰਫ ਇੱਕ ਹੀ ਚਾਲੂ ਅਵਸਥਾ ਵਿੱਚ ਹੈ। ਇਸ ਸਬੰਧ ਵਿੱਚ ਤੁਰੰਤ ਧਿਆਨ ਦੇਣ ਦੀ ਜਰੂਰਤ ਹੈ।

(3) ਇੱਕ ਬੇਬੀ ਸੁਕਸਨ ਮਸੀਨ ਦੀ ਤੁਰੰਤ ਜਰੂਰਤ ਹੈ।

(4) ਐਮਰਜੰਸੀ ਵਾਰਡ ਵਿੱਚ ਏ.ਸੀ. ਲਗਾਉਣ ਦੀ ਜਰੂਰਤ ਹੈ।

**ਸਿਵਲ ਹਸਪਤਾਲ ਨਕੋਦਰ**

(1) ਹਸਪਤਾਲ ਵਿੱਚ ਕੋਈ ਡਰਾਇਵਰ ਨਾ ਹੋਣ ਕਾਰਨ ਐਬੂਲੈਸ ਦੀ ਸਰਵਿਸਜ ਵਿੱਚ ਵਿਘਨ ਪੈ ਰਿਹਾ ਹੈ। ਉਥੇ ਲੱਗੇ ਪਹਿਲਾਂ ਡਰਾਇਵਰ ਸ੍ਰੀ ਬਿੰਦਰ ਪਾਲ ਦੀ ਬਦਲੀ ਰੋਪੜ ਵਿਖੇ ਕਰ ਦਿੱਤੀ ਗਈ ਹੈ। ਦੋ ਡਾਰਾਇਵਰਾਂ ਦੀਆਂ ਆਸਾਮੀਆਂ ਖਾਲੀ ਹਨ। ਲੋਕ ਹਿੱਤ ਵਿੱਚ ਸ੍ਰੀ ਬਿੰਦਰ ਪਾਲ ਨੂੰ ਵਾਪਸ ਭੇਜਣ ਦੀ ਸੁਝਾਓ ਦਿੱਤਾ ਹੈ। ਇਸ ਸਬੰਧ ਵਿੱਚ ਉਚਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

(2) ਪੋਰਟੇਬਲ ਐਕਸਰੇ ਮਸੀਨ ਪਿਛਲੇ 6 ਮਹੀਨੇ ਤੋਂ ਖਰਾਬ ਪਈ ਹੈ। ਰਿਪੇਅਰ ਤੇ 20,000/- ਰੁਪਏ ਤੋਂ ਘੱਟ ਖਰਚਾ ਆਉਣ ਦੀ ਸੰਭਾਵਨਾ ਹੈ, ਐਸ.ਐਮ.ਓ. ਇਸ ਰਿਪੇਅਰ ਆਦਿ ਕਰਾਉਣ ਦੇ ਸਮਰੱਥ ਹਨ। ਪ੍ਰੰਤੂ ਉਨ੍ਹਾਂ ਵਲੋਂ ਇਸ ਸਬੰਧ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ।

(3) ਲਾਊਂਡਰੀ ਯੂਨਿਟ ਪਿਛਲੇ 3 ਸਾਲ ਤੋਂ ਖਰਾਬ ਪਿਆ। ਇਸ ਸਬੰਧ ਵਿੱਚ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

(4) ਕਾਰਡੀਅਕ ਮੋਨੀਟਰ 3 ਹਨ, ਜਿਨ੍ਹਾਂ ਵਿੱਚ ਕੇਵਲ ਇੱਕ ਹੀ ਚੱਲ ਰਿਹਾ ਹੈ ਬਾਕੀ ਦੋਂ ਅਜੇ ਇੰਸਟਾਲ ਕੀਤੇ ਜਾਣ ਹਨ।

**ਸੀ.ਐਚ.ਸੀ. ਕਾਲਾ ਸੰਘਿਆ**

(1) ਸੀ.ਐਚ.ਸੀ. ਦੀ ਬਿਲਡਿੰਗ ਦਾ ਨਕਸਾ ਠੀਕ ਨਹੀਂ ਹੈ। ਕੋਈ ਅਲੱਗ ਐਮਰਜੰਸੀ ਰੂਮ ਨਹੀਂ ਹੈ। ਮੀਰਜਾਂ ਦਾ ਨਿਰੀਖਣ ਬਰਾਂਡੇ ਵਿੱਚ ਕੀਤਾ ਜਾਂਦਾ ਹੈ ਅਤੇ ਨਾ ਹੀ ਕੋਈ ਮਾਈਨਰ ਅਪਰੇਸਨ ਲਈ ਰੂਮ ਹੈ। ਇਸ ਤੇ ਤੁਰੰਤ ਵਿਚਾਰ ਕਰਨ ਦੀ ਲੋੜ ਹੈ।

**ਸਿਵਲ ਹਸਪਤਾਲ ਕਪੂਰਥਲਾ**

(1) ਹਸਪਤਾਲ ਵਿੱਚ ਡੈਲਾਸਿਜ ਯੂਨਿਟ ਲਈ ਕੋਈ ਪਰਾਪਰ ਥਾਂ ਨਹੀਂ ਹੈ। ਜਿਥੇ ਯੂਨਿਟ ਲਗਾਇਆ ਗਿਆ ਹੈ ਉਥੇ ਰੈਨੋਂਵੇਸਨ ਕਰਨ ਦੀ ਲੋੜ ਹੈ।

(2) ਹਸਪਤਾਲ ਵਿੱਚ ਸਿਵਰੇਜ ਦੀ ਬਹੁਤ ਦਿੱਕਤ ਵੇਖੀ ਗਈ। ਕਿਉਂਕਿ ਹਸਪਤਾਲ ਨੀਵੀ ਥਾਂ ਤੇ ਹੈ। ਮੇਨ ਸਿਵਰੇਜ ਲਾਈਨ ਹਸਪਤਾਲ ਤੋਂ ਬਾਹਰ ਹੈ। ਜਿਸ ਕਾਰਨ ਸਿਵਰੇਜ ਕਲੀਅਰ ਨਹੀਂ ਹੁੰਦਾ। ਬਾਈ ਪਾਸ ਸਿਵਰੇਜ ਦੀ ਜਰੂਰਤ ਹੈ ਅਤੇ ਮਾਮਲਾ ਡੀ.ਸੀ. ਕਪੂਰਥਲਾ ਅਤੇ ਸਿਵਰੇਜ ਬੋਰਡ ਨਾਲ ਤੁਰੰਤ ਉਠਾਉਣ ਦੀ ਜਰੂਰਤ ਹੈ। ਇਸ ਸਬੰਧ ਵਿੱਚ ਤੁਰੰਤ ਕਾਰਵਾਈ ਲੋੜੀਂਦੀ ਹੈ।

(3) ਹਸਪਤਾਲ ਵਿੱਚ ਪਾਣੀ ਦੀ ਸਪਲਾਈ ਸੰਤੋਸਜਨਕ ਨਹੀਂ ਹੈ। ਕੇਵਲ ਇੱਕ ਹੀ ਪੰਪ ਚਾਲੂ ਅਵਸਥਾ ਵਿੱਚ ਹੈ ਅਤੇ ਦੂਜਾ ਖਰਾਬ ਪਿਆ ਹੈ। ਪਾਣੀ ਦੀ ਪੂਰਤੀ ਲਈ ਇੱਕ ਹੋਰ ਡੂੰਘਾ ਟਿਊਬਵੈਲ ਅਤੇ ਜਨਰੇਟਰ ਸੈਟ ਦੀ ਜਰੂਰਤ ਸਬੰਧੀ ਸੁਝਾਓ ਦਿੱਤਾ ਗਿਆ।

(4) ਹਸਪਤਾਲ ਦੀ ਮੁਰੰਮਤ ਤੇ ਪਿਛਲੇ 2 ਸਾਲਾਂ ਵਿੱਚ 28 ਲੱਖ ਰੁਪਏ ਖਰਚ ਕੀਤੇ ਹਨ। ਪ੍ਰੰਤੂ ਬਾਥ ਰੂਮਾਂ ਵਿੱਚ ਲੀਕੇਜ ਜਾਰੀ ਹੈ ਅਤੇ ਪਬਲਿਕ ਟੂਆਲੈਂਟਸ ਦੀ ਬੁਰੀ ਹਾਲਤ ਹੈ। ਇਸ ਸਬੰਧ ਵਿੱਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

(5) ਮੇਜਰ ਇਕਯੂਪਮੈਂਟ ਵਰਤੋਂ ਵਿੱਚ ਨਹੀਂ ਲਿਆਂਦੇ ਜਾ ਰਹੇ। ਜਿਵੇਂ ਕਿ ਸਿਗਮੋਡੋਸਕੋਪ ਸਾਲ 2002 ਤੋਂ ਬਿਨ੍ਹਾਂ ਵਰਤੋਂ ਤੋ ਪਿਆ ਹੈ। ਕਿਉਂਕਿ ਕੋਈ ਸਰਜਨ ਟਰੇਂਡ ਨਹੀਂ ਹੈ। ਇਸ ਸਬੰਧ ਵਿੱਚ ਤੁਰੰਤ ਕਾਰਵਾਈ ਲੋੜੀਂਦੀ ਹੈ।

**ਸਬ ਡਵੀਜਨਲ ਹਸਪਤਾਲ, ਫਗਵਾੜਾ**

(1) ਹਸਪਤਾਲ ਦੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਕੰਮ ਐਸ.ਐਮ.ਓ. ਵਲੋਂ ਵੇਖਿਆ ਜਾਂਦਾ ਹੈ ਇਸ ਹਸਪਤਾਲ ਦੀ ਬਿਲਡਿੰਗ ਵਿੱਚ ਹੋਰ ਹਸਪਤਾਲਾਂ ਦੀ ਤਰ੍ਹਾਂ ਲੀਕੇਜ ਅਤੇ ਰਿਸਣ ਦੀ ਦਿੱਕਤ ਹੈ। ਪ੍ਰੰਤੂ ਐਸ.ਐਮ.ਓ. ਕੋਲ ਇਸ ਨੂੰ ਠੀਕ ਕਰਾਉਣ ਵਾਸਤੇ ਕੋਈ ਸਾਧਨ ਨਹੀਂ ਹੈ। 3 ਬਾਥ ਰੂਮਾਂ ਵਿੱਚ ਤੁਰੰਤ ਰੈਨੋਵੇਸਨ ਕਰਨ ਦੀ ਜਰੂਰਤ ਹੈ। ਇਸ ਵੱਲ ਤੁਰੰਤ ਧਿਆਨ ਦੇਣ ਦੀ ਜਰੂਰਤ ਹੈ।

ਐਮ.ਡੀ. ਪੀ.ਐਚ.ਐਸ.ਸੀ. ਨੂੰ ਬੇਨਤੀ ਹੈ ਕਿ ਇਸ ਸਬੰਧ ਵਿੱਚ ਤੁਰੰਤ ਰਿਪੋਰਟ ਪ੍ਰਾਪਤ ਕਰਕੇ ਫਾਇਲ ਤੇ ਪੁੱਟ-ਅਪ ਕੀਤੀ ਜਾਵੇ ਅਤੇ ਇਨ੍ਹਾਂ ਸਾਰੀਆਂ ਆਈਟਮਾਂ ਦਾ ਏਜੰਡਾ ਤਿਆਰ ਕਰਕੇ ਡੀ.ਐਮ.ਸੀ. ਦੀ ਮੀਟਿੰਗ ਵਿੱਚ ਰਵਿਊ ਕਰਨ ਲਈ ਰੱਖਿਆ ਜਾਵੇ।

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
12-10-2010

ਮੈਨੇਜਿੰਗ ਡਾਇਰੈਕਟਰ,
ਪੀ.ਐਚ.ਐਸ.ਸੀ. ਮੋਹਾਲੀ।